Email

File No. PWD-BR1020/26/2021-1BR1/ 312880

I/312880/2022

Dated: 01-02-2022.

DD(IF)

### ਪੰਜਾਬ ਸਰਕਾਰ
### ਲੋਕ ਨਿਰਮਾਣ ਵਿਭਾਗ
### (ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

## ਹੁਕਮ

ਸਰਕਾਰ ਵਲੋਂ ਪੱਤਰ ਨੰ: 10/152/2019-ਇਸ1(1)/383/1-2, ਮਿਤੀ 14.11.2019 ਰਾਹੀਂ ਸ੍ਰੀ ਬਲਤੇਜ ਸਿੰਘ ਸਿੱਧੂ, ਨਿਗਰਾਨ ਇੰਜੀਨੀਅਰ (ਰਿਟਾ.), ਲੋਕ ਨਿਰਮਾਣ ਵਿਭਾਗ (ਭਤੇਮ) ਨੂੰ ਹੇਠ ਦਰਸਾਏ ਦੋਸ਼ਾਂ ਅਧੀਨ ਚਾਰਜਸ਼ੀਟ ਜਾਰੀ ਕੀਤੀ ਗਈ ਸੀ:-

I. ਬਾਘਾ ਪੁਰਾਣਾ ਨਥਾਣਾ ਭੁਚੋਂ ਰੋਡ, ਐਸ.ਐਚ 16-ਏ ਆਰ.ਡੀ. 28.800 ਤੋਂ 56.960 (ਸੈਕਸ਼ਨ 36.00 ਤੋਂ 56.82 ਕਿਲੋਮੀਟਰ) ਦਾ ਕੰਮ ਸੀ.ਆਰ.ਐਫ. ਸਕੀਮ ਵਿਚ ਪ੍ਰਵਾਨਗੀ ਅਧੀਨ ਹੋਣ ਦੇ ਬਾਵਜੂਦ ਨਿਗਰਾਨ ਇੰਜੀਨੀਅਰ ਵਲੋਂ ਨਿਗਰਾਨੀ/ਦੇਖ ਰੇਖ ਦੀ ਘਾਟ ਕਾਰਨ ਪਹਿਲਾਂ ਮਿਤੀ 01.11.2018 ਨੂੰ ਉਪਰੋਕਤ ਸੜਕ ਤੇ ਹੈਡ 3054 ਅਧੀਨ ਪੈਚ ਵਰਕ ਕਰਵਾਉਣ ਲਈ 86.33 ਲੱਖ ਰੁਪਏ ਖਰਚ ਕੇ ਕੰਮ ਕਰਵਾਇਆ ਗਿਆ ਹੈ। ਉਸੇ ਸੜਕ ਨੂੰ ਉਖਾੜ ਕੇ (ਸਕੈਰੀਫਾਈ) ਕਰਕੇ ਮਿਤੀ 01.03.2019 ਨੂੰ ਸੀ.ਆਰ.ਐਫ. ਸਕੀਮ ਅਧੀਨ ਇਸ ਸੜਕ ਨੂੰ ਬਣਾਉਣ ਦਾ ਕੰਮ ਕਰਵਾਉਣ ਕਾਰਨ ਪੈਚ ਵਰਕ ਲਈ ਖਰਚ ਕੀਤੇ 86.33 ਲੱਖ ਰੁਪਏ ਵਿਅਰਥ ਕਰਵਾਉਣ ਲਈ ਜਿੰਮੇਵਾਰ ਹੈ।

II. ਨਿਗਰਾਨ ਇੰਜੀਨੀਅਰ ਦੀਆਂ ਡਿਊਟੀਆਂ/ ਫਰਜ ਨਿਭਾਉਣ ਵਿਚ ਅਸਫਲ ਅਤੇ ਕੁਤਾਹੀ ਲਈ ਜਿੰਮੇਵਾਰ।

2. ਉਕਤ ਚਾਰਜਸ਼ੀਟ ਦੇ ਸਬੰਧ ਵਿੱਚ ਅਧਿਕਾਰੀ ਵਲੋਂ ਆਪਣਾ ਜਵਾਬ ਪੇਸ਼ ਕਰਦੇ ਹੋਏ ਲਿਖਿਆ ਗਿਆ ਹੈ ਕਿ ਪੈਚ ਵਰਕ ਕਰਨ ਤੇ 86.33 ਲੱਖ ਰੁਪਏ ਦਾ ਖਰਚਾ ਵਿਅਰਥ ਕੀਤਾ ਗਿਆ ਹੈ, ਠੀਕ ਨਹੀਂ ਹੈ। ਇਹ ਪੈਚ ਵਰਕ ਜਿੱਥੇ ਮਾਨਯੋਗ ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਸਬੰਧਤ ਵਿਧਾਇਕ ਵਲੋਂ ਦਿੱਤੇ ਲਿਖਤੀ ਆਦੇਸ਼ ਅਨੁਸਾਰ ਅਤੇ ਸਮਰੱਥ ਅਧਿਕਾਰੀਆਂ ਵਲੋਂ ਦਿੱਤੀ ਗਈ ਪ੍ਰਸ਼ਾਸਕੀ ਪ੍ਰਵਾਨਗੀ ਅਤੇ ਤਕਨੀਕੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਅਤੇ ਵਿਭਾਗੀ ਵਿਧੀ ਅਪਨਾਉਣ ਉਪਰੰਤ ਕਰਵਾਇਆ ਗਿਆ। ਇੱਥੇ ਇਹ ਵੀ ਦੱਸਣਯੋਗ ਹੈ ਕਿ ਹਲਕਾ ਦਫਤਰ ਦੇ ਪੱਤਰ ਨੰ: 940 ਮਿਤੀ 09.08.2018 ਰਾਹੀਂ ਸਪਸ਼ਟ ਤੌਰ ਤੇ ਜਿਕਰ ਕੀਤਾ ਗਿਆ ਸੀ ਕਿ ਇਸ ਸੜਕ ਦੀ ਸੀ.ਆਰ.ਐਫ ਮੱਦ ਅਧੀਨ ਵੀ ਤਜਵੀਜ ਕੀਤੀ ਗਈ ਹੈ। ਇਸ ਦਾ ਨੋਟਿਸ ਉਚ ਅਧਿਕਾਰੀਆਂ ਵਲੋਂ ਲਿਆ ਜਾਣਾ ਬਣਦਾ ਸੀ। ਇਸ ਤਰ੍ਹਾਂ ਲਗਾਤਾਰ 6 ਮਹੀਨੇ ਲੋਕਾਂ ਨੂੰ ਸੋਖੇ ਸਫਰ ਦੀ ਸਹੂਲਤ ਦਿੱਤੀ ਗਈ ਅਤੇ ਖਰਚ ਕੀਤੀ ਰਕਮ ਅਗਲੇ ਠੇਕੇਦਾਰ ਤੋਂ ਇਸ ਕੰਮ ਦਾ ਕਰੈਡਿਟ ਲੈਂਦੇ ਹੋਏ ਕੱਟੀ ਜਾ ਰਹੀ ਹੈ ਅਤੇ ਹੁਣ ਤੱਕ 58.34 ਲੱਖ ਰੁਪਏ ਦੀ ਕਟੌਤੀ ਕਰ ਲਈ ਗਈ ਹੈ ਅਤੇ ਬਾਕੀ ਕਟੌਤੀ ਅਗਲੇ ਬਿਲਾਂ ਵਿਚੋ ਕੀਤੀ ਜਾਵੇਗੀ। ਇਸ ਲਈ ਖਰਚ ਕੀਤੀ ਰਕਮ ਨੂੰ ਵਿਅਰਥ ਕਹਿਣਾ ਠੀਕ ਨਹੀਂ ਹੈ ਜੀ। ਅਧਿਕਾਰੀ ਵਲੋਂ ਇਹ ਵੀ ਲਿਖਿਆ ਗਿਆ ਹੈ ਕਿ ਜਿਥੋਂ ਤੱਕ ਬਤੌਰ ਨਿਗਰਾਨ ਇੰਜੀਨੀਅਰ ਡਿਊਟੀਆਂ/ ਫਰਜ ਨਿਭਾਉਣ ਦਾ ਸਵਾਲ ਹੈ, ਇਸ ਸਬੰਧ ਵਿਚ ਬੇਨਤੀ ਹੈ ਕਿ ਇਹ ਕੰਮ ਸਰਕਾਰ ਦੇ ਹੁਕਮਾਂ ਉਪਰੰਤ ਭਾਵ ਸਮਰੱਥ ਅਧਿਕਾਰੀਆਂ ਵਲੋਂ ਪ੍ਰਸ਼ਾਸਕੀ ਪ੍ਰਵਾਨਗੀ ਅਤੇ ਤਕਨੀਕੀ ਮੰਜੂਰੀ ਉਪਰੰਤ ਮਿੱਥੀ ਗਈ ਵਿਭਾਗੀ ਵਿਧੀ ਅਪਣਾਉਂਦੇ ਹੋਏ ਫੀਲਡ ਅਧਿਕਾਰੀਆਂ ਦੀ ਦੇਖ-ਰੇਖ ਹੇਠ ਕਰਵਾਇਆ ਹੈ ਅਤੇ ਮੇਰੇ ਵਲੋਂ ਵੀ ਸੁਪਰਵਾਈਜਰੀ ਡਿਊਟੀ ਨਿਭਾਈ ਗਈ ਹੈ। ਇਸ ਕੰਮ ਦੇ ਚਲਦੇ ਇਸ ਦੀ ਵੀਡੀਓਗ੍ਰਾਫੀ ਵੀ ਕਰਵਾਈ ਗਈ। ਇਸ ਕੰਮ ਵਿਚ

ਕੁਤਾਹੀ ਦੇ ਦੋਸ਼ ਤਾਂ ਲਗਦੇ ਸਨ ਜੇਕਰ ਉਕਤ ਮਨਜ਼ੂਰੀਆਂ ਪ੍ਰਾਪਤ ਹੋ ਜਾਣ ਦੇ ਬਾਵਜੂਦ ਇਸ ਕੰਮ ਨੂੰ ਇਸ ਅਧਾਰ ਤੇ ਨਾ ਕਰਵਾਇਆ ਜਾਂਦਾ ਕਿ ਇਹ ਕੰਮ ਸੀ.ਆਰ.ਐਫ ਅਧੀਨ ਵੀ ਤਜਵੀਜ ਕੀਤਾ ਗਿਆ ਸੀ। ਇਸ ਲਈ ਇਹ ਕਹਿਣਾ ਯੋਗ ਹੋਵੇਗਾ ਕਿ ਤਜਵੀਜ ਆਖਰ ਤਜਵੀਜ ਹੀ ਹੁੰਦੀ ਹੈ, ਪ੍ਰੰਤੂ ਇਸ ਕੇਸ ਵਿਚ ਪੈਚ ਵਰਕ ਲਈ ਜਾਰੀ ਮੁਕੰਮਲ ਮੰਨਜ਼ੂਰੀਆਂ ਨੂੰ ਅੱਖੋਂ ਪਰੋਖ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਅਧਿਕਾਰੀ ਵਲੋਂ ਦੋਸ਼ਾਂ ਨੂੰ ਮੰਨਣ ਤੋਂ ਇੰਨਕਾਰ ਕੀਤਾ ਗਿਆ।

3. ਇਸ ਤੋਂ ਬਾਅਦ ਅਧਿਕਾਰੀ ਵਲੋਂ ਦਿੱਤੇ ਗਏ ਚਾਰਜਸ਼ੀਟ ਦੇ ਜਵਾਬ ਨੂੰ ਘੋਖਣ ਲਈ ਸਰਕਾਰ ਦੇ ਪੱਤਰ ਨੰ: 10/152/2019-ਇਸ1(1) ਪਫ/1617641 ਮਿਤੀ 19.12.2019 ਰਾਹੀਂ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਗਈ। ਇਸ ਕਮੇਟੀ ਵਲੋਂ ਆਪਣੀ ਰਿਪੋਰਟ ਵਿਚ ਲਿਖਿਆ ਗਿਆ ਕਿ ਪੈਚ ਵਰਕ ਦਾ ਕੰਮ ਸਰਕਾਰ ਦੀ ਮੰਨਜ਼ੂਰੀ ਲੈਣ ਉਪਰੰਤ ਹੀ ਕੀਤਾ ਹੈ। ਕਮੇਟੀ ਵਲੋਂ ਦੱਸਿਆ ਗਿਆ ਕਿ ਰਿਕਾਰਡ ਨੂੰ ਘੋਖਣ ਉਪਰੰਤ ਪਾਇਆ ਗਿਆ ਹੈ ਕਿ ਸੜਕ ਦੀ ਹਾਲਤ ਬਹੁਤ ਖਰਾਬ ਸੀ, ਜਿਸਤੇ ਆਵਾਜਾਈ ਨੂੰ ਚੱਲਣ ਵਿਚ ਬਹੁਤ ਪ੍ਰੇਸ਼ਾਨੀ ਆਉਂਦੀ ਸੀ, ਜਿਸਦੇ ਮੱਦੇ ਨਜ਼ਰ ਮਾਨਯੋਗ ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਸਬੰਧਤ ਵਿਧਾਇਕ ਵਲੋਂ ਦਿੱਤੇ ਲਿਖਤੀ ਆਦੇਸ਼ ਅਨੁਸਾਰ ਅਤੇ ਸਮਰੱਥ ਅਧਿਕਾਰੀਆਂ ਵਲੋਂ ਦਿੱਤੀ ਗਈ ਪ੍ਰਸ਼ਾਸਕੀ ਪ੍ਰਵਾਨਗੀ ਅਤੇ ਤਕਨੀਕੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਅਤੇ ਵਿਭਾਗੀ ਵਿਧੀ ਅਪਨਾਉਣ ਉਪਰੰਤ ਕਰਵਾਇਆ ਗਿਆ। ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਸੀ.ਓ. ਵਲੋਂ ਮਿਤੀ 03.01.2020 ਨੂੰ ਪੇਸ਼ ਕੀਤੇ ਦਸਤਾਵੇਜ਼ ਅਨੁਸਾਰ ਇਹ ਪਾਇਆ ਗਿਆ ਕਿ ਸੀ.ਆਰ.ਐਫ. ਦਾ ਕੰਮ ਮਿਤੀ 01.03.2019 ਨੂੰ ਅਲਾਟ ਕੀਤਾ ਗਿਆ ਅਤੇ ਉਸ ਉਪਰੰਤ ਕੰਮ ਦੀ ਵਿਧੀ ਅਨੁਸਾਰ ਸੜਕ ਦੀ ਸਕੈਰੀਫਿਕੇਸ਼ਨ ਪੈਚ ਵਰਕ ਦੇ ਕੀਤੇ ਕੰਮ ਤੋਂ 5 ਤੋਂ 6 ਮਹੀਨੇ ਬਾਅਦ ਕੀਤੀ ਗਈ । ਇਸ ਅਨੁਸਾਰ ਪੈਚ ਵਰਕ ਦਾ ਕੀਤਾ ਗਿਆ ਕੰਮ 5 ਤੋਂ 6 ਮਹੀਨੇ ਲਈ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਵਰਤੋਂ ਵਿਚ ਆਇਆ। ਜਿਸ ਨਾਲ ਆਮ ਜਨਤਾ ਨੂੰ ਅਸਥਾਈ ਰਾਹਤ ਮਿਲੀ। ਇਸ ਲਈ ਕਮੇਟੀ ਵਲੋਂ ਵਿਚਾਰ ਕੀਤਾ ਹੈ ਕਿ ਪੈਚ ਵਰਕ ਕਰਨ ਦਾ ਜੋ ਕੰਮ ਅਧਿਕਾਰੀਆਂ ਵਲੋਂ ਸਮਰੱਥ ਅਥਾਰਟੀ ਦੀ ਮੰਨਜ਼ੂਰੀ ਉਪਰੰਤ ਹੀ ਕਰਵਾਇਆ ਗਿਆ । ਇਹ ਉਸ ਸਮੇਂ ਦੀ ਲੋੜ ਅਨੁਸਾਰ ਵਾਜਬ ਜਾਪਦਾ ਹੈ।

4. ਅਧਿਕਾਰੀ ਵਲੋਂ ਪ੍ਰਾਪਤ ਜਵਾਬ ਅਤੇ ਰਿਪੋਰਟ ਤੋਂ ਸਰਕਾਰ ਵਲੋਂ ਅਸੰਤੁਸ਼ਟੀ ਜਾਹਿਰ ਕਰਦੇ ਹੋਏ ਪੱਤਰ ਨੰ: 3/13/2018-ਇਸ1(1)/446/1-9 ਮਿਤੀ 18.06.2020 ਰਾਹੀਂ ਕਮੇਟੀ ਦਾ ਗਠਨ ਕਰਦੇ ਹੋਏ ਰੈਗੂਲਰ ਪੜਤਾਲ ਕਰਵਾਈ ਗਈ। ਪੜਤਾਲੀਆ ਕਮੇਟੀ ਵਲੋਂ ਆਪਣੀ ਰਿਪੋਰਟ ਵਿਚ ਇਨ੍ਹਾਂ ਅਧਿਕਾਰੀਆਂ ਵਲੋਂ ਲੱਗੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਗਿਆ।

5. ਪੜਤਾਲੀਆ ਕਮੇਟੀ ਦੀ ਰਿਪੋਰਟ ਤੇ ਮੁੱਖ ਇੰਜੀਨੀਅਰ ਕੁਆਲਟੀ ਕੰਟਰੋਲ ਤੋਂ ਟਿੱਪਣੀ ਪ੍ਰਾਪਤ ਕਰਨ ਦਾ ਫੈਸਲਾ ਲਿਆ ਗਿਆ ਸੀ। ਮੁੱਖ ਇੰਜੀਨੀਅਰ, ਕੁਆਲਟੀ ਕੰਟਰੋਲ ਵਲੋਂ ਦੱਸਿਆ ਗਿਆ ਕਿ ਸੜਕ ਦੇ ਕੰਮਾਂ ਸਬੰਧੀ ਪੜਤਾਲ ਵੀ ਇਸ ਦਫਤਰ ਵਲੋਂ ਕਰਨ ਉਪਰੰਤ ਸਰਕਾਰ ਨੂੰ ਰਿਪੋਰਟ ਭੇਜੀ ਗਈ ਸੀ ਜਿਸ ਉਪਰੰਤ ਸਰਕਾਰ ਵਲੋਂ ਲਏ ਫੈਸਲੇ ਮੁਤਾਬਿਕ ਨਿਗਰਾਨ ਇੰਜੀਨੀਅਰ, ਕਾਰਜਕਾਰੀ ਇੰਜੀਨੀਅਰ ਵਿਰੁੱਧ ਦੋਸ਼ ਸੂਚੀ ਦੇ ਖਰੜੇ ਵੀ ਇਸ ਦਫਤਰ ਵਲੋਂ ਭੇਜੇ ਗਏ ਸਨ। ਇਸ ਤੋਂ ਇਲਾਵਾ ਇਸ ਦਫਤਰ ਦੇ ਅਧਿਕਾਰੀਆਂ ਨੂੰ ਦੋਸ਼ ਸੂਚੀ ਵਿਚ ਬਤੌਰ ਗਵਾਹ ਵੀ ਰੱਖਿਆ ਗਿਆ ਸੀ। ਉਕਤ ਅਨੁਸਾਰ ਸਥਿਤੀ ਨੂੰ ਦਰਸਾਉਂਦੇ ਹੋਏ ਮੁੱਖ ਇੰਜੀਨੀਅਰ, ਕੁਆਲਟੀ ਕੰਟਰੋਲ ਵਲੋਂ ਪੜਤਾਲੀਆ ਰਿਪੋਰਟ ਤੇ ਫੈਸਲਾ ਸਰਕਾਰ ਪੱਧਰ ਤੇ ਕਰਨ ਦੀ ਬੇਨਤੀ ਕੀਤੀ ਗਈ। ਪੜਤਾਲੀਆ ਰਿਪੋਰਟ ਨੂੰ ਮੈਂਬਰਾਂ ਦੀ ਹਾਜ਼ਰੀ ਵਿਚ ਘੋਖਣ ਉਪਰੰਤ ਪਾਇਆ ਗਿਆ ਕਿ ਬਾਘਾ ਪੁਰਾਣਾ-ਨਥਾਣਾ ਭੁਚੋਂ ਰੋਡ ਦੇ ਕਰਵਾਏ ਗਏ ਕੰਮ ਸਬੰਧੀ ਕੁਝ ਨੁਕਤਿਆਂ ਤੇ ਗੌਰ ਨਾ ਕਰਕੇ ਰਿਪੋਰਟ ਪੇਸ਼ ਕੀਤੀ ਗਈ ਸੀ।

6. ਇਸ ਉਪਰੰਤ ਮਿਤੀ 23.11.2020 ਨੂੰ ਵੀਡੀਓ ਕਾਨਫਰੰਸ ਰਾਹੀਂ ਅਧਿਕਾਰੀ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਅਤੇ ਨਿੱਜੀ ਸੁਣਵਾਈ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਅਧਿਕਾਰੀ

ਵਲੋਂ ਦਿੱਤੇ ਜਵਾਬ ਅਤੇ ਤਿੰਨ ਮੈਂਬਰੀ ਕਮੇਟੀ ਵਲੋਂ ਪੇਸ਼ ਕੀਤੀ ਰਿਪੋਰਟ ਤੇ ਸਪਸ਼ਟ ਲਿਖਿਆ ਹੈ ਕਿ ਨਿਗਰਾਨ ਇੰਜੀਨੀਅਰ ਨੂੰ ਇਸ ਸੜਕ ਦੀ ਹੀ ਦੂਜੀ ਸੀ.ਆਰ.ਐਫ. ਦੀ ਪ੍ਰਵਾਨਗੀ ਮਿਤੀ 20.11.2018 ਨੂੰ ਮਿਲ ਗਈ ਸੀ, ਪ੍ਰੰਤੂ ਨਿਗਰਾਨ ਇੰਜੀਨੀਅਰ ਵਲੋਂ ਮਿਤੀ 30.11.2018 ਨੂੰ ਟੈਲੀਫੋਨ ਸੰਦੇਸ਼ ਰਾਹੀਂ ਕਾਰਜਕਾਰੀ ਇੰਜੀਨੀਅਰ ਨੂੰ ਪੈਚ ਵਰਕ ਦਾ ਕੰਮ ਬੰਦ ਕਰਨ ਬਾਰੇ ਕਿਹਾ, ਜੋ ਕਿ ਮਿਤੀ 03.12.2018 ਨੂੰ ਲਗਭਗ 2 ਹਫਤਿਆਂ ਬਾਅਦ ਕੰਮ ਬੰਦ ਕਰਕੇ ਸਰਕਾਰ ਨੂੰ ਵਿੱਤੀ ਨੁਕਸਾਨ ਪਹੁੰਚਾਇਆ ਗਿਆ ਹੈ। ਇਸ ਕਰਕੇ ਅਧਿਕਾਰੀ ਵਲੋਂ ਕੀਤੀ ਗੰਭੀਰ ਕੁਤਾਹੀ ਕਰਕੇ ਸਰਕਾਰ ਦੇ ਪੱਤਰ ਨੰ: 10/152/2019-ਇਸ1(1)/1014-1018 ਮਿਤੀ 27.11.2020 ਰਾਹੀਂ ਸ੍ਰੀ ਬਲਤੇਜ ਸਿੰਘ, ਨਿਗਰਾਨ ਇੰਜੀਨੀਅਰ (ਰਿਟਾ.) ਦੀ ਪੈਨਸ਼ਨ ਵਿਚ 5 ਪ੍ਰਤੀਸ਼ਤ ਕਟੌਤੀ ਦੇ ਹੁਕਮ ਜਾਰੀ ਕੀਤੇ ਗਏ ਸਨ। ਇਨ੍ਹਾਂ ਹੁਕਮਾਂ ਵਿਚ ਇਹ ਵੀ ਜਿਕਰ ਕੀਤਾ ਗਿਆ ਸੀ ਕਿ ਅਧਿਕਾਰੀ ਦੀ ਪੈਨਸ਼ਨ ਵਿਚ 5 ਪ੍ਰਤੀਸ਼ਤ ਕਟੌਤੀ ਬਾਰੇ ਕੀਤੇ ਗਏ ਸਜਾ ਦੇ ਹੁਕਮ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਪ੍ਰਵਾਨਗੀ ਉਪਰੰਤ ਲਾਗੂ ਹੋਣਗੇ।

7. ਹੁਣ ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ ਆਪਣੇ ਪੱਤਰ ਨੰ: ਡਿਸ/287/2021/ਅ-7/4155 ਮਿਤੀ 25.11.2021 ਰਾਹੀਂ ਅਧਿਕਾਰੀ ਦੀ ਪੈਨਸ਼ਨ ਵਿਚ 5 ਪ੍ਰਤੀਸ਼ਤ ਕਟੌਤੀ ਲਗਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

8. ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਵਿੱਚ ਕੀਤੇ ਗਏ ਉਪਬੰਧਾਂ ਦੇ ਸਨਮੁੱਖ ਸ੍ਰੀ ਬਲਤੇਜ ਸਿੰਘ, ਨਿਗਰਾਨ ਇੰਜੀਨੀਅਰ (ਰਿਟਾ), ਪੰਜਾਬ ਲੋਕ ਨਿਰਮਾਣ (ਭਤੇਮ), ਪਟਿਆਲਾ ਦੀ ਪੈਨਸ਼ਨ ਵਿਚ 5 ਪ੍ਰਤੀਸ਼ਤ ਕਟੌਤੀ ਕੀਤੀ ਜਾਂਦੀ ਹੈ।

9. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ : 31.01.2022** **ਵਿਕਾਸ ਪ੍ਰਤਾਪ, ਆਈ.ਏ.ਐਸ.,**
**ਚੰਡੀਗੜ੍ਹ:** **ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ)**

ਪਿਠ ਅੰ. ਨੰ: PWD-BR1020/26/2021-1BR1/312880 ਮਿਤੀ, ਚੰਡੀਗੜ੍ਹ: 01-02-2022.

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ (ਹੈ.ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਲਿਖਿਆ ਜਾਂਦਾ ਹੈ ਕਿ ਇਹਨਾਂ ਹੁਕਮਾਂ ਦੀ ਕਾਪੀ ਤੁਰੰਤ ਸਬੰਧਤਾਂ ਨੂੰ ਰਸੀਵ ਕਰਵਾ ਕੇ ਰਸੀਦ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
2. ਸ੍ਰੀ ਬਲਤੇਜ ਸਿੰਘ, ਨਿਗਰਾਨ ਇੰਜੀਨੀਅਰ (ਰਿਟਾ.) (ਮਾਰਫਤ: ਮੁੱਖ ਇੰਜੀਨੀਅਰ (ਹੈ.ਕੁ), ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ) ਪਟਿਆਲਾ।
3. ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਉਨ੍ਹਾਂ ਦੇ ਪੱਤਰ ਨੰ: ਨੰ: ਡਿਸ/287/2021/ਅ-7/4155 ਮਿਤੀ 25.11.2021 ਦੇ ਹਵਾਲੇ ਵਿਚ।
4. ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਫੇਜ-2 ਮੋਹਾਲੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਉਪਰੰਤ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

**ਅਧੀਨ ਸਕੱਤਰ, ਲੋਕ ਨਿਰਮਾਣ**